# ਪ੍ਰਸੂਤੀ ਐਨਸਥੈਟਿਸਟ ਦੀ ਐਸੋਸਿਏਸ਼ਨ

## ਸੀਜ਼ੇਅਰੀਅਨ ਸੈਕਸ਼ਨ (CS) ਸਧਾਰਨ ਐਨਸਥੈਟਿਕ

## ਜਾਣਕਾਰੀ ਕਾਰਡ

ਇਹ ਕਾਰਡ ਤੁਹਾਡੇ ਸੌਣ ਦੌਰਾਨ ਸਧਾਰਨ ਐਨਸਥੈਟਿਕ ਦੇਣ ਬਾਰੇ ਕੁਝ ਜਾਣਕਾਰੀ ਦਿੰਦਾ ਹੈ।

- ਇੱਕ ਸਧਾਰਨ ਐਨਸਥੈਟਿਕ ਅਕਸਰ ਐਮਰਜੈਂਸੀ ਸੈਕਸ਼ਨ ਲਈ ਜਰੂਰੀ ਹੁੰਦਾ ਹੈ ਜੇ ਸਪਾਇਨਲ ਐਨਸਥੈਟਿਕ ਜਾਂ ਐਪੀਡਿਊਰਲ ਦੇਣ ਦਾ ਸਮਾਂ ਨਹੀਂ ਹੈ।
- ਤੁਹਾਡੇ ਹੱਥ ਜਾਂ ਬਾਂਹ ਵਿੱਚ ਇੱਕ ਸੂਈ ਜਿਸਨੂੰ ਅੰਤਰਨਸੀ ਕੈਨੂਲਾ ਕਿਹਾ ਜਾਂਦਾ ਹੈ ਲਗਾਉਣੀ ਪਵੇਗੀ।
- ਸਧਾਰਨ ਐਨਸਥੈਟਿਕ ਦਾ ਇੱਕ ਖਤਰਾ ਹੁੰਦਾ ਹੈ ਕਿ ਤੁਹਾਡੇ ਸੌਣ ਸਮੇਂ ਐਸਿਡ ਤੁਹਾਡੇ ਪੇਟ ਤੋਂ ਤੁਹਾਡੇ ਫੇਫੜਿਆਂ ਵਿੱਚ ਚਲਾ ਜਾਂਦਾ ਹੈ। ਇਸ ਖਤਰੇ ਨੂੰ ਘਟਾਉਣ ਲਈ, ਤੁਹਾਨੂੰ ਡ੍ਰਿਪ ਦੁਆਰਾ ਜਾਂ ਤੁਹਾਡੀ ਲੱਤ ਤੇ ਇੰਜੈਕਸ਼ਨ ਲਗਾਇਆ ਜਾ ਸਕਦਾ ਹੈ, ਅਤੇ ਤੁਹਾਨੂੰ ਪੀਣ ਲਈ ਐਂਡੀਐਸਿਡ ਦਵਾਈ ਦਿੱਤੀ ਜਾ ਸਕਦੀ ਹੈ।
- ਆਪਰੇਟਿੰਗ ਥਿਏਟਰ ਵਿੱਚ ਆੱਕਸੀਜਨ ਨਾਲ ਸਾਹ ਲੈਣ ਲਈ ਤੁਹਾਡੇ ਇੱਕ ਮਾਸਕ ਲਗਾਇਆ ਜਾਵੇਗਾ। ਇਹ ਮਾਸਕ ਕਸਵਾਂ ਹੋ ਸਕਦਾ ਹੈ, ਪਰੰਤੂ ਇਹ ਜਰੂਰੀ ਹੈ ਕਿ ਤੁਹਾਨੂੰ ਵਾਧੂ ਆੱਕਸੀਜਨ ਮਿਲੇ।
- ਸਧਾਰਨ ਐਨਸਥੈਟਿਕ ਨੂੰ ਡ੍ਰਿਪ ਦੁਆਰਾ ਦਿੱਤਾ ਜਾਵੇਗਾ। ਜਿਵੇਂ ਤੁਸੀਂ ਸੌਂਦੇ ਹੋ, ਤੁਹਾਨੂੰ ਆਪਣੀ ਗਰਦਨ ਤੇ ਪ੍ਰੈਸ਼ਰ ਮਹਿਸੂਸ ਹੋਵੇਗਾ। ਇਹ ਤੁਹਾਡੇ ਹਵਾਮਾਰਗ ਅਤੇ ਫੇਫੜਿਆਂ ਨੂੰ ਸੁਰੱਖਿਅਤ ਰੱਖਣ ਲਈ ਹੈ।
- ਤੁਹਾਡਾ ਜਨਮ ਸਾਂਝੇਦਾਰ ਆਪਰੇਟਿੰਗ ਥਿਏਟਰ ਵਿੱਚ ਤੁਹਾਡੇ ਨਾਲ ਨਹੀਂ ਹੋਵੇਗਾ, ਪਰੰਤੂ ਉਹ ਨਜ਼ਦੀਕ ਹੋਵੇਗਾ।
- ਤੁਹਾਨੂੰ ਰਿਕਵਰੀ ਰੂਮ ਵਿੱਚ ਹੋਸ਼ ਆਵੇਗਾ ਅਤੇ ਤੁਸੀਂ ਜਾਗਦੇ ਹੀ ਆਪਣੇ ਬੱਚੇ ਨੂੰ ਦੇਖ ਸਕਦੇ ਹੋ।
- ਜਦੋਂ ਤੁਸੀਂ ਜਾਗਦੇ ਹੋ, ਤੁਹਾਡਾ ਗਲਾ ਪੱਕਿਆ ਹੋ ਸਕਦਾ ਹੈ ਅਤੇ ਤੁਸੀਂ ਬਿਮਾਰ ਮਹਿਸੂਸ ਕਰ ਸਕਦੇ ਹੋ। ਲੋੜ ਪੈਣ ਤੇ ਹੋਰ ਦਰਦਨਾਸ਼ਕ ਦਵਾਈਆਂ ਅਤੇ ਬੀਮਾਰੀਰੋਧੀ ਦਵਾਈਆਂ ਦਿੱਤੀਆਂ ਜਾਣਗੀਆਂ।

ਯੂਕੇ ਵਿੱਚ ਸੀਜ਼ੇਰੀਅਨ ਸੈਕਸ਼ਨ ਵਾਲੀਆਂ ਔਰਤਾਂ ਨੂੰ ਹਰ ਸਾਲ, 17,000 ਸਧਾਰਨ ਐਨਸਥੈਟਿਕ ਦਿੱਤੇ ਜਾਂਦੇ ਹਨ, ਅਤੇ ਉਹਨਾਂ ਵਿੱਚ ਕੁਝ ਜਟਿਲਤਾਵਾਂ ਹੁੰਦੀਆਂ ਹਨ। ਫਿਰ ਵੀ, ਸਧਾਰਨ ਐਨਸਥੈਟਿਕਸ ਦੇ ਕੁਝ ਜ਼ੋਖਿਮ ਅਤੇ ਦੁਰਪ੍ਰਭਾਵ ਹਨ। ਇਹ ਕਾਰਡ ਦੇ ਦੂਜੇ ਪਾਸੇ ਦਿਖਾਏ ਗਏ ਹਨ।

## ਸਧਾਰਨ ਐਨਸਥੀਸ਼ਿਆ ਦੇ ਜ਼ੋਖਿਮ ਅਤੇ ਦੁਰਪ੍ਰਭਾਵ

| **ਸੰਭਾਵਿਤ ਸਮੱਸਿਆ** | **ਸਮੱਸਿਆ ਕਿੰਨੀ ਆਮ ਹੈ** |
|---|---|
| ਕਾਂਬਾ | ਸਧਾਰਨ - ਲਗਭਗ 3 ਲੋਕਾਂ ਵਿੱਚੋਂ 1 ਨੂੰ |
| ਗਲਾ ਪੱਕਣਾ | ਸਧਾਰਨ - ਲਗਭਗ 2 ਲੋਕਾਂ ਵਿੱਚੋਂ 1 ਨੂੰ |
| ਬੀਮਾਰ ਪੈਣਾ | ਸਧਾਰਨ - ਲਗਭਗ 10 ਲੋਕਾਂ ਵਿੱਚੋਂ 1 ਨੂੰ |
| ਮਾਸਪੇਸ਼ੀ ਦਾ ਦਰਦ | ਸਧਾਰਨ - ਲਗਭਗ 3 ਲੋਕਾਂ ਵਿੱਚੋਂ 1 ਨੂੰ |
| ਬੁੱਲ੍ਹਾਂ ਤੇ ਕੱਟ ਜਾਂ ਜ਼ਖ਼ਮ ਅਤੇ ਦੰਦਾਂ ਨਾਲ ਜੀਭ ਕੱਟਣਾ | ਕਦੇ-ਕਦੇ- ਲਗਭਗ 20 ਲੋਕਾਂ ਵਿੱਚੋਂ 1 ਨੂੰ<br>ਕਦੇ-ਕਦਾਈਂ- ਲਗਭਗ 4,500 ਲੋਕਾਂ ਵਿੱਚੋਂ 1 ਨੂੰ |
| ਐਨਸਥੇਟਿਸਟ ਦੁਆਰਾ ਸਾਹ ਨਲੀ ਲਗਾਉਣ ਵਿੱਚ ਅਸਫ਼ਲ ਰਹਿਣਾ ਜਦੋਂ ਤੁਸੀਂ ਸੌਂ ਰਹੇ ਹੁੰਦੇ ਹੋ<br>ਛਾਤੀ ਦਾ ਸੰਕਰਮਣ<br>ਤੁਹਾਡੇ ਪੇਟ ਵਿੱਚੋਂ ਐਸਿਡ ਨਿਕਲ ਕੇ ਫੇਫੜਿਆਂ ਵਿੱਚ ਜਾਣਾ | ਅਸਧਾਰਨ – ਲਗਭਗ 250 ਲੋਕਾਂ ਵਿੱਚੋਂ 1 ਨੂੰ<br>ਸਧਾਰਨ – ਲਗਭਗ 10 ਲੋਕਾਂ ਵਿੱਚੋਂ 1 ਨੂੰ –ਪਰੰਤੂ ਸੰਕਰਮਣ ਗੰਭੀਰ ਨਹੀਂ ਹੁੰਦੇ<br>ਬਹੁਤ ਦੁਰਲੱਭ – ਲਗਭਗ 1,000 ਲੋਕਾਂ ਵਿੱਚੋਂ 1 ਨੂੰ |
| ਪ੍ਰਕਿਰਿਆ ਦੌਰਾਨ ਜਾਗਣਾ | ਅਸਧਾਰਨ – ਲਗਭਗ 400 ਲੋਕਾਂ ਵਿੱਚੋਂ 1 ਨੂੰ |
| ਗੰਭੀਰ ਅਲਰਜੀ ਰਿਐਕਸ਼ਨ | ਦੁਰਲੱਭ – ਲਗਭਗ 10,000 ਲੋਕਾਂ ਵਿੱਚੋਂ 1 ਨੂੰ |
| ਮੌਤ ਜਾਂ ਦਿਮਾਗ ਨੂੰ ਹਾਨੀ | ਮੌਤ:<br>ਬਹੁਤ ਦੁਰਲੱਭ-– ਲਗਭਗ 10,0000 ਲੋਕਾਂ ਵਿੱਚੋਂ 1 ਨੂੰ (ਯੂਕੇ ਵਿੱਚ ਇੱਕ ਸਾਲ ਵਿੱਚ 1 ਜਾਂ 2 ਲੋਕਾਂ ਨੂੰ)<br>ਦਿਮਾਗ ਨੂੰ ਹਾਨੀ:<br>ਬਹੁਤ ਦੁਰਲੱਭ – ਸਟੀਕ ਅੰਕੜੇ ਗਿਆਨ ਨਹੀਂ ਹਨ |

ਇਹਨਾਂ ਸਾਰੇ ਜ਼ੋਖਿਮਾਂ ਅਤੇ ਦੁਰਪ੍ਰਭਾਵਾਂ ਲਈ ਸਟੀਕ ਅੰਕੜੇ ਉਪਲਬਧ ਨਹੀਂ ਹਨ। ਅੰਕੜੇ ਅਨੁਮਾਨਿਤ ਹਨ ਅਤੇ ਇਹ ਹਸਪਤਾਲ ਤੋਂ ਦੂਜੇ ਹਸਪਤਾਲ ਨਾਲੋਂ ਵੱਖ ਹੋ ਸਕਦੇ ਹਨ। ਜੇ ਤੁਹਾਡਾ ਕੋਈ ਸਵਾਲ ਹੈ, ਤਾਂ ਤੁਹਾਨੂੰ ਆਪਣੇ ਨੇੜੇ ਦੇ ਐਨਸਥੇਟਿਸਟ ਨਾਲ ਗੱਲ ਕਰਨੀ ਚਾਹੀਦੀ ਹੈ।

**ਤੁਸੀਂ ਰਾੱਇਲ ਕਾਲਜ ਆੱਫ਼ ਐਨਸਥੈਟਿਸਟਸ ਦੀ ਵੈਬਸਾਈਟ www.rcoa.ac.uk. ਤੋਂ 'ਐਨਸਥੀਸ਼ਿਆ ਫਾੱਰ ਸੀਜ਼ੇਰੀਅਨ ਸੈਕਸ਼ਨ' ਲੀਫ਼ਲੈਟ ਡਾਊਨਲੋਡ ਕਰਕੇ ਹੋਰ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ।**

ਅਸੀਂ OAA ਲਈ ਇਹ ਅਨੁਵਾਦ ਮੁਹੱਈਆ ਕਰਨ ਲਈ ਟ੍ਰਾਂਸਲੇਟਰਸ ਵਿਦਾਉਟ ਬਾਰਡਰ ਦੇ ਯੋਗਦਾਨ ਲਈ ਉਹਨਾਂ ਦੇ ਧੰਨਵਾਦੀ ਹਾਂ।

TRANSLATORS WITHOUT BORDERS
Access to Knowledge
Award Winner

© Obstetric Anaesthetists' Association 2012
Registered Charity No
1111382
www.labourpains.com